# ਸੰਪਰਕ ਕਰਨ ਲਈ ਜਾਣਕਾਰੀ

ਜੇ ਤੁਸੀਂ ਬਿਲਡਿੰਗ ਬਲੌਕਸ ਵੈਨਕੂਵਰ ਬਾਰੇ ਜ਼ਿਆਦਾ ਜਾਣਨ ਵਿਚ ਦਿਲਚਸਪੀ ਰੱਖਦੇ ਹੋਵੋ ਤਾਂ ਕਿਰਪਾ ਕਰਕੇ ਮੋਜ਼ੇਕ ਨੂੰ **604.254.9626** ’ਤੇ ਫੋਨ ਕਰੋ ਅਤੇ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹੋ। ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਤੁਸੀਂ ਆਪ ਵੀ ਫੋਨ ਕਰ ਸਕਦੇ ਹੋ, ਜਾਂ ਕਿਸੇ ਦੀ ਤਰਫੋਂ ਸੇਵਾਵਾਂ ਲੈਣ ਲਈ ਫੋਨ ਕਰ ਸਕਦੇ ਹੋ।

ਰੈਫਰਲ ਫਾਰਮਾਂ ਲਈ ਇਸ ਲਿੰਕ ’ਤੇ ਜਾਉ: **https://www.mosaicbc.org/services/family-children-youth/building-blocks-vancouver/**

ਜੇ ਇਹ ਪ੍ਰੋਗਰਾਮ ਢੁਕਵਾਂ ਨਾ ਹੋਵੇ ਤਾਂ ਅਸੀਂ ਹੋਰ ਮਦਦ ਕਰਕੇ ਜਾਂ ਅਗਾਂਹ ਭੇਜ ਕੇ ਸਹਾਇਤਾ ਕਰ ਸਕਦੇ ਹਾਂ।

# ਪ੍ਰਸ਼ੰਸਾ-ਪੱਤਰ

*“ਇਸ ਪ੍ਰੋਗਰਾਮ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ ਕਿਉਂਕਿ ਮੈਨੂੰ ਆਪਣੇ ਵਿਚ ਭਰੋਸਾ ਜਾਗਿਆ ਅਤੇ ਮੈਂ ਜਾਣਦੀ ਸੀ ਕਿ ਹਲਾਤਾਂ ਅਤੇ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ। ਭਾਵੇਂ ਕਿ ਮੇਰਾ ਪਰਿਵਾਰ ਦੂਰ ਰਹਿੰਦਾ ਹੈ, ਉਨ੍ਹਾਂ ਨੇ ਮੇਰੀ ਬਹੁਤ ਸਾਰੀ ਮਦਦ ਕੀਤੀ। ਮੈਂ ਤੁਹਾਡਾ ਹਰ ਚੀਜ਼ ਲਈ ਧੰਨਵਾਦ ਕਰਨਾ ਚਾਹੁੰਦੀ ਹਾਂ... ਉਨ੍ਹਾਂ ਸੇਵਾਵਾਂ ਲਈ ਜਿਹੜੀਆਂ ਉਨ੍ਹਾਂ ਨੇ ਦਿੱਤੀਆਂ ਕਿਉਂਕਿ ਇਹ ਮੁਫਤ ਹਨ – ਤੁਹਾਨੂੰ ਪੈਸੇ ਦੇਣ ਦੀ ਲੋੜ ਨਹੀਂ। ਮੈਂ ਪ੍ਰੋਗਰਾਮ ਲਈ ਬਹੁਤ ਇਹਸਾਨਮੰਦ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ – ਤੁਹਾਨੂੰ ਸਭ ਨੂੰ ਅਸੀਸਾਂ।”*

**– ਕ੍ਰਿਸਟੀਨ – ਮੋਜ਼ੇਕ ਦੇ ਬਿਲਡਿੰਗ ਬਲੌਕਸ ਵੈਨਕੂਵਰ ਦੀ ਕਲਾਇੰਟ ਅਤੇ 4 ਸਾਲ ਦੇ ਪ੍ਰੀ-ਸਕੂਲਰ ਅਤੇ 8 ਮਹੀਨੇ ਦੇ ਬੇਬੀ ਦੀ ਮਾਂ**

# ਮੋਜ਼ੈਕ ਬਾਰੇ

ਮੋਜ਼ੇਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਅਤੇ ਇਹ 1976 ਤੋਂ ਇਮੀਗਰਾਂਟਾਂ ਅਤੇ ਨਵੇਂ ਆਉਣ ਵਾਲਿਆਂ ਨੂੰ ਸੇਵਾਵਾਂ ਦੇਣ ਲਈ ਰਜਿਸਟਰਸ਼ੁਦਾ ਚੈਰਿਟੀ ਹੈ। ਇਸ ਵੇਲੇ ਅਸੀਂ ਮੈਟਰੋ ਵੈਨਕੂਵਰ ਵਿਚ ਕਈ ਥਾਂਵਾਂ ਵਿਚ ਕੈਨੇਡੀਅਨ ਸਿਟੀਜ਼ਨਾਂ, ਨਵੇਂ ਆਇਆਂ, ਰਫਿਊਜੀਆਂ, ਇਮੀਗਰਾਂਟਾਂ, ਅਤੇ ਟੈਂਪਰੇਰੀ ਬਦੇਸ਼ੀ ਕਾਮਿਆਂ ਲਈ ਵੱਡੇ ਪੱਧਰ ’ਤੇ ਸੇਵਾਵਾਂ ਦੇ ਰਹੇ ਹਾਂ।

**ਇਸ ਪ੍ਰੋਗਰਾਮ ਦੇ ਇਲਾਵਾ, ਮੋਜ਼ੇਕ ਇਹ ਸੇਵਾਵਾਂ ਵੀ ਦਿੰਦੀ ਹੈ:**

ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ
ਰੁਜ਼ਗਾਰ ਦੇ ਪ੍ਰੋਗਰਾਮ । ਅੰਗਰੇਜ਼ੀ ਬੋਲੀ ਦੇ ਸੈਂਟਰ
ਦੋਭਾਸ਼ੀਏ ਦੀਆਂ ਸੇਵਾਵਾਂ । ਵਸੇਬੇ ਦੇ ਪ੍ਰੋਗਰਾਮ
ਖਾਸ ਸੇਵਾਵਾਂ । ਅਨੁਵਾਦ ਦੀਆਂ ਸੇਵਾਵਾਂ

**ਸੰਪਰਕ ਕਰਨ ਬਾਰੇ ਜਾਣਕਾਰੀ ਲਈ, ਜਾਂ ਇਨ੍ਹਾਂ ਸੇਵਾਵਾਂ ਬਾਰੇ ਜ਼ਿਆਦਾ ਪਤਾ ਲਾਉਣ ਲਈ ਕਿਰਪਾ ਕਰਕੇ www.mosaicbc.org ’ਤੇ ਜਾਉ ਜਾਂ 604.254.9626 ’ਤੇ ਫੋਨ ਕਰੋ।**

@mosaicbc

MOSAIC

ASPIRE to Excellence® carf CANADA ACCREDITED

BRITISH COLUMBIA

*ਫੰਡ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਤੋਂ ਮਿਲੇ*

Vancouver CoastalHealth

*ਵੈਨਕੂਵਰ ਕੋਸਟਲ ਹੈਲਥ ਦੀ ਭਾਈਵਾਲੀ ਨਾਲ*

©MOSAIC August 2017 [Punjabi]

MOSAIC

# ਮੋਜ਼ੈਕ
# ਬਿਲਡਿੰਗ ਬਲੌਕਸ ਵੈਨਕੂਵਰ







***40 ਤੋਂ ਜ਼ਿਆਦਾ ਸਾਲਾਂ ਤੋਂ ਨਵੇਂ ਆਉਣ ਵਾਲਿਆਂ ਨੂੰ ਕੈਨੇਡੀਅਨ ਸਮਾਜ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਂਦੇ ਹੋਏ***

# ਬਿਲਡਿੰਗ ਬਲੌਕਸ ਕੀ ਹੈ?

ਮੋਜ਼ੈਕ ਦਾ ਬਿਲਡਿੰਗ ਬਲੌਕਸ ਵੈਨਕੂਵਰ, ਇਕ ਅਗੇਤੀ ਦਖਲਅੰਦਾਜ਼ੀ ਹੈ ਜੋ ਕਿ ਪਹਿਲੀ ਵਾਰੀ ਮਾਪੇ ਬਣਨ ਵਾਲੇ ਬੇਸਹਾਰਾ ਮਾਪਿਆਂ ਲਈ ਘਰ ਵਿਚ ਮਦਦ ਕਰਨ ਦਾ ਇਕ ਪ੍ਰੋਗਰਾਮ ਹੈ, ਜਿਹੜਾ ਬਚਪਨ ਦੇ ਸਿਹਤਮੰਦ ਵਿਕਾਸ ਅਤੇ ਪਰਿਵਾਰਾਂ ਦੇ ਵਧੀਆ ਚੱਲਣ ਨੂੰ ਉਤਸ਼ਾਹ ਦਿੰਦਾ ਹੈ।

ਇਸ ਪ੍ਰੋਗਰਾਮ ਵਿਚਲੇ ਮਾਪਿਆਂ ਲਈ ਇਕ ਮੋਜ਼ੈਕ "ਹੋਮ ਵਿਜ਼ਟਰ" ਮੁਕੱਰਰ ਕੀਤਾ ਜਾਂਦਾ ਹੈ ਜੋ ਕਿ ਸਵਾਲਾਂ ਅਤੇ ਫਿਕਰਾਂ ਦੇ ਜਵਾਬ ਦੇਣ ਲਈ, ਅਤੇ ਬੱਚੇ ਦੇ ਪਾਲਣ-ਪੋਸਣ ਬਾਰੇ ਸਲਾਹ ਦੇਣ ਲਈ ਹਫਤੇ ਵਿਚ ਤਕਰੀਬਨ ਇਕ ਵਾਰੀ ਤੁਹਾਡੇ ਘਰ ਆਵੇਗੀ।



# ਪ੍ਰੋਗਰਾਮ ਬਾਰੇ

ਜੇ ਤੁਸੀਂ ਫਿਕਰਮੰਦ ਜਾਂ ਇਕੱਲੇ ਅਤੇ ਪਹਿਲੀ ਵਾਰੀ ਬਣੇ ਮਾਪੇ ਵਜੋਂ ਅਕਸਰ ਮਦਦ ਕਰਨ ਵਾਲੇ ਢਾਂਚੇ ਤੋਂ ਅਲੱਗ ਮਹਿਸੂਸ ਕਰਦੇ ਹੋਵੋ ਤਾਂ ਅਸੀਂ ਮਦਦ ਕਰਨ ਲਈ ਮੌਜੂਦ ਹਾਂ। ਮੋਜ਼ੈਕ ਦੀ ਨਰਸਾਂ, ਸੋਸ਼ਲ ਵਰਕਰਾਂ ਅਤੇ ਪ੍ਰੋਗਰਾਮ ਸਟਾਫ ਦੀ ਟੀਮ ਇਹ ਕਰਨ ਲਈ ਤੁਹਾਡੇ ਘਰ ਆਵੇਗੀ:

- ਤੁਹਾਡੇ ਬੇਬੀ ਦੀ ਸਿਹਤ ਅਤੇ ਵਾਧੇ 'ਤੇ ਨਿਗਰਾਨੀ ਰੱਖਣ ਲਈ
- ਖੁਰਾਕ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ (ਦੁੱਧ ਚੁੰਘਾਉਣਾ/ਬੋਤਲ ਨਾਲ ਦੁੱਧ ਪਿਆਉਣਾ/ਠੋਸ ਖਾਣੇ)
- ਪੌਟੀ ਟਰੇਨਿੰਗ ਬਾਰੇ ਜਾਣਕਾਰੀ ਦੇਣ ਲਈ
- ਬੱਚੇ ਦੇ ਵਿਕਾਸ ਦੇ ਪੜਾਵਾਂ ਬਾਰੇ ਜਾਣਕਾਰੀ ਦੇਣ ਲਈ
- ਸਿਹਤਮੰਦ ਖਾਣਿਆਂ ਬਾਰੇ ਗੱਲ ਕਰਨ ਲਈ
- ਇਹ ਸੁਝਾਅ ਦੇਣ ਲਈ ਕਿ ਆਪਣੇ ਬੱਚੇ ਨਾਲ ਕਿਵੇਂ ਖੇਡਣਾ ਅਤੇ ਜੁੜਨਾ ਹੈ
- ਬੱਚੇ ਦੇ ਢੁਕਵੇਂ ਅਨੁਸਾਸ਼ਨ ਬਾਰੇ ਗੱਲ ਕਰਨ ਲਈ
- ਇਹ ਜਾਣਕਾਰੀ ਸਾਂਝੀ ਕਰਨ ਲਈ ਕਿ ਆਪਣੇ ਬੱਚੇ ਨੂੰ ਕਿਵੇਂ ਪ੍ਰੀਸਕੂਲ/ਕਿੰਡਰਗਾਰਟਨ ਲਈ ਤਿਆਰ ਕਰਨਾ ਹੈ
- ਫੇਰੀਆਂ ਦੀ ਮਾਤਰਾ ਦਾ ਫੈਸਲਾ ਹਰ ਪਰਿਵਾਰ ਦੀਆਂ ਲੋੜਾਂ ਅਤੇ ਹਾਲਤਾਂ ਮੁਤਾਬਕ ਕੀਤਾ ਜਾਂਦਾ ਹੈ



# ਕੌਣ ਯੋਗ ਹੈ?

ਬਿਲਡਿੰਗ ਬਲੌਕਸ ਪ੍ਰੋਗਰਾਮ ਸਿਰਫ ਪਹਿਲੀ ਵਾਰੀ ਮਾਪੇ ਬਣੇ ਮਾਪਿਆਂ ਨਾਲ ਕੰਮ ਕਰਦਾ ਹੈ। ਅਸੀਂ ਵੈਨਕੂਵਰ ਵਿਚਲੇ ਮਾਪਿਆਂ ਨੂੰ ਸੇਵਾਵਾਂ ਦਿੰਦੇ ਹਾਂ ਜਿਹੜੇ ਆਪਣੇ ਪਹਿਲੇ ਬੱਚੇ ਦੇ ਜਨਮ ਦੀ ਉਡੀਕ ਕਰ ਰਹੇ ਹਨ ਜਾਂ ਜਿਨ੍ਹਾਂ ਦਾ ਬੇਬੀ 6 ਮਹੀਨਿਆਂ ਤੋਂ ਘੱਟ ਉਮਰ ਦਾ ਹੈ।

ਪ੍ਰੋਗਰਾਮ ਦੀਆਂ ਸੇਵਾਵਾਂ ਗਰਭ ਦੀ ਤੀਜੀ ਤਿਮਾਹੀ ਤੋਂ, ਜਾਂ ਬੇਬੀ ਦੇ 6 ਮਹੀਨੇ ਦਾ ਹੋ ਜਾਣ ਤੋਂ ਕੋਈ ਵੀ ਸਮਾਂ ਪਹਿਲਾਂ ਸ਼ੁਰੂ ਹੋ ਸਕਦੀਆਂ ਹਨ। ਸੇਵਾਵਾਂ ਜੇ ਲੋੜ ਹੋਵੇ ਤਾਂ ਉਦੋਂ ਤੱਕ ਜਾਰੀ ਰਹਿ ਸਕਦੀਆਂ ਹਨ ਜਦ ਤੱਕ ਬੱਚਾ ਕਿੰਡਰਗਾਰਟਨ ਨਹੀਂ ਜਾਣ ਲੱਗ ਪੈਂਦਾ।

ਬਿਲਡਿੰਗ ਬਲੌਕਸ ਵੈਨਕੂਵਰ ਹਰ ਮਹੀਨੇ ਵੈਨਕੂਵਰ ਦੇ ਔਸਤਨ 120 ਪਰਿਵਾਰਾਂ ਨੂੰ ਸਰਗਰਮੀ ਨਾਲ ਸੇਵਾਵਾਂ ਦਿੰਦਾ ਹੈ ਅਤੇ ਲੰਬੇ ਸਮੇਂ ਲਈ ਮਦਦ ਕਰਨ ਵਾਲੀ ਵਿਲੱਖਣ ਸਰਵਿਸ ਪ੍ਰਦਾਨ ਕਰਦਾ ਹੈ।

ਸਾਡੀ ਟੀਮ ਵਿਚ ਹਨ:

- ਪਰਿਵਾਰਾਂ ਦੀ ਮਦਦ ਕਰਨ ਵਾਲੇ ਹੋਮ ਵਿਜ਼ਟਰ
- ਪਬਲਿਕ ਹੈਲਥ ਨਰਸਾਂ
- ਸੋਸ਼ਲ ਵਰਕਰ ਸਲਾਹਕਾਰ
- ਪ੍ਰੋਗਰਾਮ ਕੋਆਰਡੀਨੇਟਰ

## ਉਪਲਬਧ ਜ਼ਬਾਨਾਂ

ਅਸੀਂ ਬਿਲਡਿੰਗ ਬਲੌਕਸ ਵਲੋਂ ਮਦਦ ਦੀਆਂ ਸੇਵਾਵਾਂ ਕੈਂਟੋਨੀਜ਼, ਅੰਗਰੇਜ਼ੀ, ਹਿੰਦੀ, ਟੈਗਾਲੋਗ, ਵੀਅਤਨਾਮੀ, ਉਰਦੂ, ਕੋਰੀਅਨ, ਸਪੈਨਿਸ਼, ਪੰਜਾਬੀ, ਤਾਮਿਲ ਅਤੇ ਮੈਂਡਾਰਿਨ ਜ਼ਬਾਨਾਂ ਵਿਚ ਦਿੰਦੇ ਹਾਂ।

**ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ 604.254.9626 'ਤੇ ਫੋਨ ਕਰੋ ਅਤੇ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹੋ।**